
# ਅੱਧ ਰਾਤ



ਸੰਤ ਰਾਮ ਵਤਸ

- ਸਿਖਸ਼ਾ ਵਿਭਾਗ, ਭਾਰਤ ਸਰਕਾਰ ਦੁਆਰਾ ਪ੍ਰਸ਼ੰਸਤ।
- ਵਿਕਾਸ ਕਮਿਸ਼ਨਰ ਉਤਰ ਪ੍ਰਦੇਸ਼ ਦੁਆਰਾ ਪ੍ਰਕਾਸ਼ਿਤ ਸੂਚੀ ਅਨੁਸਾਰ ਵਿਕਾਸ ਬਲਾਕਾਂ ਲਈ ਮਨਜ਼ੂਰ।
- ਵਿਦਿਆ-ਸੰਚਾਲਕ ਰਾਜਸਥਾਨ ਦੀ ੧੯੫੭-੫੮ ਦੀ ਮਨਜ਼ੂਰ ਸੂਚੀ ਅਨੁਸਾਰ ਮਾਧਮਿਕ ਸਕੂਲਾਂ ਦੇ ਪੁਸਤਕਾਲਿਆਂ ਲਈ ਮਨਜ਼ੂਰ।

---

# ਸੱਚਾ ਦਾਨ

[ ਮਹਾਂਭਾਰਤ ਦੀ ਇਕ ਅਰਥ-ਭਰਪੂਰ ਰਸ-ਪੂਰਨ ਕਥਾ ]

ਲੇਖਕ
ਸੰਤ ਰਾਮ ਵਤਸ

ਚਿੱਤਰਕਾਰ
**ਅਨੰਦ**

ਪ੍ਰਕਾਸ਼ਕ
**ਨੈਸ਼ਨਲ ਪਬਲਿਸ਼ਿੰਗ ਹਾਊਸ,**
2/35, ਅਨਸਾਰੀ ਰੋਡ, ਦਰਿਆ ਗੰਜ, ਦਿੱਲੀ-੬

ਪਹਿਲਾ ਐਡੀਸ਼ਨ ] [ ਮੁੱਲ : ੧-੦੦




ਮਹਾਰਾਜ ! ਤੁਸੀਂ ਤਾਂ ਕਈ ਯੁਗਾਂ ਦੀਆਂ
ਗੱਲਾਂ ਜਾਣਦੇ ਹੋ !
ਸਾਡੇ ਘਰ ਜਿਹਾ ਯਗ ਹੋਇਆ, ਉਹੋ ਜਿਹਾ
ਪਹਿਲਾਂ ਵੀ ਕਿਸੇ ਨੇ ਕੀਤਾ ਹੈ ?
ਭੀਮਸੈਨ ਨੇ ਸ੍ਰੀ ਕ੍ਰਿਸ਼ਨ ਨੂੰ ਪੁੱਛਿਆ ।
ਮਹਾਰਾਜ ਯੁਧਿਸ਼ਠਰ ਦਾ ਅਸ਼ਵਮੇਧ ਯਗ
ਉਸ ਦਿਨ ਪੂਰਾ ਹੋਇਆ ਸੀ ।
ਭਗਵਾਨ ਵੇਦ ਵਿਆਸ, ਸ੍ਰੀ ਕ੍ਰਿਸ਼ਨ ਅਤੇ ਪੰਜੇ
ਪਾਂਡਵ ਰਾਜ ਮਹੱਲ ਦੇ ਵਿਹੜੇ ਵਿਚ ਖੜੇ
ਸਨ ।




ਸ੍ਰੀ ਕ੍ਰਿਸ਼ਨ ਨੇ ਮਹਾਰਾਜ ਵੇਦ ਵਿਆਸ ਵਲ ਤੱਕਿਆ।

ਦੋਵੇਂ ਦਿਲ ਵਿਚ ਮੁਸਕਰਾ ਪਏ।

ਭੀਮ ਦਾ ਹੰਕਾਰ ਉਨ੍ਹਾਂ ਤੋਂ ਲੁਕਿਆ ਨਾ ਰਿਹਾ।



ਏਨੇ ਵਿਚ ਕੀ ਦੇਖਦੇ ਹਨ ਕਿ —
ਸਾਹਮਣੇ ਪਈਆਂ ਜੂਠੀਆਂ ਪਤਲਾਂ ਵਿਚ ਇਕ
ਨਿਉਲਾ ਆਪਣਾ ਪਿੰਡਾ ਘਸਾ ਰਿਹਾ ਹੈ ।
ਉਸ ਨਿਉਲੇ ਦਾ ਅਧਾ ਸਰੀਰ ਸੋਨੇ ਵਾਂਗ
ਚਮਕ ਰਿਹਾ ਸੀ ।
ਅਤੇ ਅਧਾ ਘਸਮੈਲੇ ਰੰਗ ਦਾ ਸੀ ।
ਅਜਿਹਾ ਨਿਉਲਾ ਤਾਂ ਕਦੀ ਕਿਸੇ ਨੇ ਨਹੀਂ
ਸੀ ਦੇਖਿਆ ।



ਵਿਆਸ ਜੀ ਬੋਲੇ :–

ਲਓ, ਹੁਣੇ ਇਸ ਦੀ ਪੜਤਾਲ ਕਰਦੇ ਹਾਂ ।

ਉਨ੍ਹਾਂ ਨੇ ਆਪਣੇ ਕਰਮੰਡਲ ਵਿਚੋਂ ਪਾਣੀ ਲੀਤਾ ।

ਅਤੇ ਮੰਤਰ ਪੜ੍ਹ ਕੇ ਨਿਉਲੇ ਉਪਰ ਛਿੜਕਿਆ ।




ਪਾਣੀ ਛਿੜਕਣ ਦੀ ਢਿੱਲ ਸੀ ਕਿ ਨਿਉਲਾ
ਮਨੁੱਖ ਦੀ ਬੋਲੀ ਬੋਲਣ ਲਗਾ –
ਝੂਠਾ ਹੈ, ਝੂਠਾ ਹੈ, ਯੁਧਿਸ਼ਠਰ ਦਾ ਇਹ ਯਗ
ਝੂਠਾ ਹੈ।
ਸਚਾ ਯਗ, ਸਚਾ ਦਾਨ ਤਾਂ ਉਸ
ਬ੍ਰਾਹਮਣ ਦਾ ਹੀ ਸੀ।



ਇਹ ਦੇਖ ਕੇ ਸਭ ਹੈਰਾਨ ਰਹਿ ਗਏ ।
ਸਭ ਦੇ ਕੰਨ ਖੜੇ ਹੋ ਗਏ।
ਮਹਾਰਾਜ ਯੁਧਿਸ਼ਠਰ ਕੱਚੇ ਜਿਹੇ ਹੋ ਗਏ।
ਸ੍ਰੀ ਕ੍ਰਿਸ਼ਨ ਨੇ ਪੁੱਛਿਆ —
ਕੀ ਗੱਲ ਹੈ ?
ਗੱਲ ਕੀ ਹੈ ?
ਤੁਸੀਂ ਕਹਿ ਕੀ ਰਹੇ ਹੋ, ਉਹ ਕਿਹੜਾ ਬ੍ਰਾਹਮਣ ਸੀ ?
ਕਿਹੜਾ ਦਾਨ ਕੀਤਾ ਸੀ ਉਸ ਨੇ ?
ਇਸ ਯਗ ਨੂੰ ਝੂਠਾ ਕਿਉਂ ਕਹਿੰਦੇ ਹੋ ?



ਨਿਉਲੇ ਨੇ ਕਿਹਾ —
ਜੀ, ਤੁਹਾਡੇ ਕੋਲੋਂ ਕੀ ਲੁਕਿਆ ਹੈ।
ਤੁਸੀਂ ਅਤੇ ਵਿਆਸ ਜੀ ਤਾਂ ਤਿੰਨ ਲੋਕ
ਦੀਆਂ ਗਲਾਂ ਜਾਣਦੇ ਹੋ।
ਫਿਰ ਵੀ ਮੇਰੀ ਗੱਲ ਸੁਣ ਲਓ ।
ਫੇਰ ਸੋਚਣਾ ਕਿ ਮੈਂ ਠੀਕ ਕਹਿੰਦਾ ਹਾਂ ਜਾਂ ਨਹੀਂ
ਵਿਆਸ ਜੀ ਨੇ ਕਿਹਾ।
ਚੰਗੀ ਗੱਲ ਹੈ।
ਬੋਲ ਭਰਾਵਾ ਤੂੰ ਕੀ ਕਹਿੰਦਾ ਹੈਂ।
ਅਸੀਂ ਸਭ ਸੁਣ ਰਹੇ ਹਾਂ।



ਤਾਂ ਸੁਣੋ—ਲੰਮੀ ਗੱਲ ਨਹੀਂ ;
ਕਈ ਸਾਲ ਲਗਾਤਾਰ ਮੀਂਹ ਨਹੀਂ ਪਿਆ।
ਫੇਰ ਅੰਨ ਕਿਵੇਂ ਹੁੰਦਾ ?
ਦੇਸ਼ ਭਰ ਵਿਚ ਕਾਲ ਪੈ ਗਿਆ।
ਲੋਕ ਭੁੱਖੇ ਮਰਨ ਲਗੇ।
ਚੌਂਹੀਂ ਪਾਸੀਂ ਹਾਹਾਕਾਰ ਮਚ ਗਈ।



ਉਹਨਾਂ ਹੀ ਦਿਨਾਂ ਦੀ ਗੱਲ ਹੈ।

ਤਪੋਬਨ ਵਿਚ ਇਕ ਬ੍ਰਾਹਮਣ ਪਰਵਾਰ ਰਹਿੰਦਾ ਸੀ–

ਬ੍ਰਾਹਮਣ, ਬ੍ਰਾਹਮਣੀ, ਉਨ੍ਹਾਂ ਦਾ ਪੁੱਤਰ ਅਤੇ ਨੂੰਹ।

ਬ੍ਰਹਾਮਣ ਕੀ ਸੀ, ਦੇਵਤਾ ਸੀ।


ਬੜਾ ਦਾਨੀ, ਬੜਾ ਭਗਤ, ਬੜਾ ਤਪੱਸਵੀ।

ਸਾਰਾ ਦਿਨ ਪੂਜਾ-ਪਾਠ ਵਿਚ ਹੀ ਲਗਾ ਰਹਿੰਦਾ।

ਟੱਬਰ ਦੇ ਬਾਕੀ ਜੀ ਵੀ ਇਹੋ ਜਿਹੇ ਹੀ ਸਨ।




ਇਕ ਦਿਨ ਦੀ ਗੱਲ ਹੈ।
ਸਾਰਾ ਪਰਵਾਰ ਕਈ ਦਿਨਾਂ ਤੋਂ ਭੁੱਖਾ ਸੀ।
ਅਜਿਹੇ ਬੁਰੇ ਸਮੇਂ ਕੋਈ ਦਾਨ ਦਖਣਾ
ਵੀ ਨਹੀਂ ਸੀ ਦੇਂਦਾ।
ਫੇਰ ਬ੍ਰਾਹਮਣ ਅਜਿਹਾ ਮਨੁੱਖ ਸੀ ਕਿ ਕਿਸੇ
ਅੱਗੇ ਹੱਥ ਨਹੀਂ ਸੀ ਪਸਾਰਦਾ।
ਬ੍ਰਾਹਮਣ ਦਾ ਪੁੱਤਰ ਕਿਤੋਂ
ਸੇਰ ਕੁ ਜੌਂ ਲੈ ਆਇਆ।
ਨੂੰਹ ਸਸ ਨੇ ਚੁਣ-ਬਣਾ ਕੇ ਸਾਫ਼ ਕੀਤੇ।
ਕੁਟ-ਪੀਹ ਕੇ ਸਤੂ ਬਣਾਏ।
ਦੁਪਹਿਰ ਹੋਈ ਤਾਂ ਇਕੋ ਜਿਹੇ ਚਾਰ ਹਿਸੇ
ਕੀਤੇ।
ਚਾਰੇ ਖਾਣ ਬਹਿ ਗਏ।



ਏਨੇ ਵਿਚ ਬਾਹਰੋਂ ਅਵਾਜ਼ ਆਈ —
ਹਰਿ ਨਰਾਇਣ ! ਹਰਿ ਨਰਾਇਣ !!
ਹਰਿ ਨਰਾਇਣ !!!
ਬ੍ਰਾਹਮਣ ਨੇ ਪਤਲ ਉਥੇ ਹੀ ਛੱਡ ਦਿਤੀ
ਅਤੇ ਉਠ ਖੜੋਤਾ ।
ਬੂਹੇ ਉਪਰ ਜਾ ਕੇ ਕਹਿਣ ਲਗਾ :
ਮਹਾਰਾਜ, ਜੀ ਆਇਆਂ !
ਬੂਹੇ ਉਪਰ ਅੱਸੀ ਸਾਲ ਦਾ ਇਕ ਬੁੱਢਾ
ਖੜੋਤਾ ਸੀ ।
ਹੱਥ ਦੀ ਸੋਟੀ ਪੱਥਰ ਤੇ ਟਿਕੀ ਕੰਬੀ ਜਾ ਰਹੀ
ਸੀ ।
ਢਿੱਡ ਸੁੱਕ ਕੇ ਪਿੱਠ ਨਾਲ ਜਾ ਲਗਾ ਸੀ ।
ਬ੍ਰਾਹਮਣ ਬੁਢੇ ਪ੍ਰਾਹੁਣੇ ਨੂੰ ਹੱਥ ਦਾ ਸਹਾਰਾ ਦੇ ਕੇ
ਅੰਦਰ ਲੈ ਗਿਆ ਅਤੇ
ਆਪਣੇ ਆਸਨ ਤੇ ਬਿਠਾਇਆ ।



ਬ੍ਰਾਹਮਣ ਨੇ ਦੋਵੇਂ ਹੱਥ ਜੋੜ ਕੇ ਪੁੱਛਿਆ –
ਮਹਾਰਾਜ ! ਕੀ ਹੁਕਮ ਹੈ ?
ਭੁੱਖਾ ਹਾਂ ਭਾਈ,
ਕਈ ਦਿਨਾਂ ਤੋਂ ਅੰਨ ਦਾ ਇਕ ਦਾਣਾ ਵੀ
ਢਿੱਡ ਵਿਚ ਨਹੀਂ ਪਿਆ ।
ਕੁਝ ਹੈ ਤਾਂ ਲਿਆ ।
ਬ੍ਰਾਹਮਣ ਨੇ ਕਿਹਾ –
ਮਹਾਰਾਜ ! ਭੋਜਨ ਤਿਆਰ ਹੈ ।
ਚੌਂਕੇ ਵਿਚ ਚਲੋ ।
ਹੁਣ ਮੈਂ ਪੈਰ ਵੀ ਨਹੀਂ ਪੁਟ ਸਕਦਾ ।
ਜੋ ਹੈ, ਏਥੇ ਹੀ ਲੈ ਆਓ ।
ਬੁੱਢੇ ਨੇ ਸੋਟੀ ਇਕ ਪਾਸੇ ਰਖਦਿਆਂ ਕਿਹਾ ।



ਬ੍ਰਾਹਮਣ ਦੇ ਪੁੱਤਰ ਨੇ ਬੁੱਢੇ ਦੇ ਹੱਥ ਪੈਰ
ਧੁਆਏ।
ਚਾਰੇ ਜਣੇ ਆਪਣੀ-ਆਪਣੀ ਪਤਲ ਚੁਕਣ
ਲਗੇ।
ਪਰ ਸਭ ਤੋਂ ਪਹਿਲਾਂ ਬ੍ਰਾਹਮਣ ਨੇ ਆਪਣੀ
ਪਤਲ ਚੁਕ ਕੇ ਬੁੱਢੇ ਅਗੇ ਰਖ ਦਿਤੀ।
ਬੁੱਢੇ ਨੇ ਵੇਖਦਿਆਂ-ਵੇਖਦਿਆਂ ਪਤਲ ਖ਼ਾਲੀ
ਕਰ ਦਿਤੀ।
ਮਹਾਰਾਜ ਹੋਰ ਮੰਗਾਵਾਂ ?
ਬ੍ਰਾਹਮਣ ਨੇ ਪੁੱਛਿਆ।
ਭੁੱਖ ਤਾਂ ਅਜੇ ਹੈ।
ਕੁਝ ਹੈ ਤਾਂ ਲੈ ਆ।
ਮੁੰਡਾ ਝਟ ਆਪਣੀ ਪਤਲ ਚੁਕ ਲਿਆਇਆ।
ਬੁੱਢਾ ਉਹ ਵੀ ਖਾ ਗਿਆ।
ਮਹਾਰਾਜ, ਇੱਛਾ ਹੋਵੇ ਤਾਂ ਹੋਰ ਲਿਆਵਾਂ।
ਜੇ ਹੈ ਤਾਂ ਲੈ ਹੀ ਆ।
ਤੀਜੀ ਪਤਲ ਆ ਗਈ ਤੇ ਫੇਰ ਚੌਥੀ ਵੀ
ਬੁੱਢਾ ਖਾ ਪੀ ਕੇ ਉਠ ਖਲੋਤਾ।



ਪ੍ਰਾਹੁਣਾ ਅਸ਼ੀਰਵਾਦ ਦੇ ਕੇ ਟਲਦਾ ਬਣਿਆ।
ਬ੍ਰਾਹਮਣ ਦੀ ਨੂੰਹ ਨੇ ਜੂਠੀ ਪਤਲ
ਚੁਕ ਕੇ ਬਾਹਰ ਸੁੱਟ ਦਿਤੀ।
ਮੈਂ ਵੀ ਫਿਰਦਾ ਤੁਰਦਾ ਉਥੇ ਜਾ ਪੁੱਜਾ।
ਪਤਲ ਮੇਰੇ ਸਰੀਰ ਨਾਲ ਛੋਹ ਗਈ।
ਜਿਥੇ-ਜਿਥੇ ਪਤਲ ਛੋਹੀ, ਓਨਾਂ ਹੀ ਮੇਰਾ ਸਰੀਰ
ਸੋਨੇ ਦਾ ਹੋ ਗਿਆ।
ਓਦੋਂ ਤੋਂ ਜਿਥੇ ਕਿਤੇ ਯਗ ਹੁੰਦਾ ਹੈ,
ਮੈਂ ਉਥੇ ਜਾ ਪੁਜਦਾ ਹਾਂ।
ਜੂਠੀਆਂ ਪਤਲਾਂ ਨਾਲ ਆਪਣਾ ਸਰੀਰ
ਛੁਹਾਉਂਦਾ ਹਾਂ।
ਪਰ ਅਜ ਤਕ ਮੇਰਾ ਇਕ ਵਾਲ ਵੀ
ਸੁਨਹਿਰੀ ਨਹੀਂ ਹੋਇਆ।
ਮੈਂ ਇਥੇ ਵੀ ਬੜੀ ਆਸ ਲੈ ਕੇ ਆਇਆ ਸਾਂ,
ਪਰ ਕੁਝ ਪਲੇ ਨਹੀਂ ਪਿਆ।



ਹਾਂ, ਤੇ ਦੂਸਰੇ ਦਿਨ ਗੁਆਂਢੀਆਂ ਨੇ ਕੀ
ਦੇਖਿਆ ?
ਕਿ, ਬ੍ਰਾਹਮਣ ਪਰਵਾਰ ਦੇ ਚਾਰੇ ਜੀ ਮੋਏ ਪਏ
ਹਨ।
ਇਹੋ ਜਿਹਾ ਸੀ ਉਹ ਬ੍ਰਾਹਮਣ!
ਤੇ ਅਜਿਹਾ ਸੀ ਉਸ ਦਾ ਦਾਨ !!
ਇਸੇ ਲਈ ਮੈਂ ਕਹਿੰਦਾ ਹਾਂ ਕਿ ਇਹ ਯਗ
ਝੂਠਾ ਹੈ, ਵਿਅਰਥ ਹੈ।
ਸੱਚਾ ਯਗ, ਸੱਚਾ ਦਾਨ
ਤਾਂ ਉਸ ਬ੍ਰਾਹਮਣ ਦਾ ਹੀ ਸੀ।

○